National Research Journal of Social Sciences
Volume-11, Issue-1, January-June 2026
PP: 168-172

ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਧਾਰਮਿਕ ਸੁਤੰਤਰਤਾ ਅਤੇ ਮਨੁੱਖੀ ਹੱਕਾਂ ਲਈ ਦਿੱਤੀ ਸ਼ਹਾਦਤ ਦੀ ਮਿਸਾਲ ਸ੍ਰੀ ਗੁਰੂ ਤੇਗ਼ ਬਹਾਦਰ ਜੀ

**ਸਤਿੰਦਰ ਜੀਤ**

ਸਹਾਇਕ ਪ੍ਰੋਫ਼ੈਸਰ
ਪੰਜਾਬੀ ਵਿਭਾਗ, ਖ਼ਾਲਸਾ ਕਾਲਜ ਚਵਿੰਡਾ ਦੇਵੀ, ਅੰਮ੍ਰਿਤਸਰ।

## ਪ੍ਰਸਤਾਵਨਾ

ਧਾਰਮਿਕ ਸੁਤੰਤਰਤਾ ਅਤੇ ਮਨੁੱਖੀ ਬਰਾਬਰੀ ਲਈ ਆਪਾ ਵਾਰਨ ਵਾਲੇ ਗੁਰੂ ਤੇਗ਼ ਬਹਾਦਰ ਜੀ ਦੀ ਸ਼ਖ਼ਸੀਅਤ ਸਾਂਝੀਵਾਲਤਾ ਦੀ ਪ੍ਰਤੀਕ ਹੈ। ਬਚਪਨ ਤੋਂ ਉਹ ਸਾਧੂ ਸੁਭਾਅ, ਸੋਚਵਾਨ, ਦਲੇਰ, ਤਿਆਗੀ ਅਤੇ ਪਰਉਪਕਾਰੀ ਤਬੀਅਤ ਦੇ ਮਾਲਕ ਸਨ। ਗੁਰੂ ਪਿਤਾ ਵੱਲੋਂ ਬਖ਼ਸ਼ਿਆ ਸੰਤ ਤੇ ਸਿਪਾਹੀ ਦਾ ਸੰਕਲਪ ਗੁਰੂ ਤੇਗ਼ ਬਹਾਦਰ ਜੀ ਦੀ ਸ਼ਖ਼ਸੀਅਤ ਵਿਚ ਪੂਰਨ ਰੂਪ ਵਿਚ ਉਜਾਗਰ ਹੋਣ ਲੱਗਾ। ਮਨੁੱਖਤਾ ਦੇ ਇਤਿਹਾਸ ਵਿਚ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਨੂੰ ਇੱਕ ਅਦੁੱਤੀ ਸ਼ਹੀਦੀ ਵਜੋਂ ਪ੍ਰਵਾਨ ਕੀਤਾ ਜਾਂਦਾ ਹੈ। ਅਮਰਤਾ ਦੀ ਪਦਵੀ ਤੱਕ ਪਹੁੰਚ ਕਰਨ ਲਈ ਮਰਜੀਵੜਿਆਂ ਨੂੰ 'ਸੀਸ ਤਲੀ' 'ਤੇ ਧਰਕੇ ਸ਼ਹਾਦਤਾਂ ਦੇ ਜਾਮ ਪੀਣੇ ਪੈਂਦੇ ਹਨ।

ਬਲੀਦਾਨ ਦੀ ਭਾਵਨਾ ਬਹੁਤ ਹੀ ਉੱਚੀ ਤੇ ਸੁੱਚੀ ਭਾਵਨਾ ਹੁੰਦੀ ਹੈ। ਇਹ ਭਾਵਨਾ ਵਿਰਲਿਆਂ-ਟਾਵਿਆਂ ਮਨੁੱਖਾਂ ਵਿੱਚ ਹੀ ਉਪਜਦੀ ਹੈ, ਪਰ ਜਿਨ੍ਹਾਂ ਮਨੁੱਖਾਂ ਵਿੱਚ ਉਪਜ ਪੈਂਦੀ ਹੈ, ਉਹ ਸਦੀਵੀ ਤੌਰ 'ਤੇ ਅਮਰ ਹੋ ਜਾਂਦੇ ਹਨ। ਇਹ ਅਮਰਤਾ ਦੀ ਪਦਵੀ ਤੱਕ ਪਹੁੰਚ ਕਰਨ ਲਈ ਉਨ੍ਹਾਂ ਮਰਜੀਵੜਿਆਂ ਨੂੰ 'ਸੀਸ ਤਲੀ 'ਤੇ ਧਰ ਕੇ ਸ਼ਹਾਦਤਾਂ ਦੇ ਜਾਮ ਵੀ ਪੀਣੇ ਪੈਂਦੇ ਹਨ। ਵਕਤ ਦੀਆਂ ਹਕੂਮਤਾਂ ਇਨ੍ਹਾਂ ਸਿਰਲੱਥ ਸੂਰਮਿਆਂ ਨੂੰ ਬੇਸ਼ੱਕ ਲਾਲਚ ਜਾਂ ਡਰਾਵੇ ਦੇਈ ਜਾਣ, ਪਰ ਧਾਰਮਿਕ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਦੀ ਹਾਮੀ ਭਰਨ ਵਾਲੇ ਇਹ ਮਹਾਂਪੁਰਖ ਕਿਸੇ ਵੀ ਕਿਸਮ ਦਾ ਬਲੀਦਾਨ ਕਰਨ ਲੱਗਿਆਂ ਕੰਨੀ ਨਹੀਂ ਕਤਰਾਉਦੇ।ਇਸੇ ਹੀ ਤਰ੍ਹਾਂ ਦੇ ਬਲੀਦਾਨ ਦੇ ਪਾਤਰ ਹਨ, ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਜੀ।

## ਭੂਮਿਕਾ

ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਜਨਮ 1 ਅਪ੍ਰੈਲ, 1621 ਈ. ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਘਰ ਮਾਤਾ ਨਾਨਕੀ ਜੀ ਦੀ ਕੁੱਖੋਂ, ਗੁਰੂ ਕੇ ਮਹਿਲ ਅੰਮ੍ਰਿਤਸਰ ਵਿਖੇ ਹੋਇਆ। ਆਪ ਪੰਜ ਭਰਾਵਾਂ ਵਿੱਚੋਂ ਸਭ ਤੋਂ ਛੋਟੇ ਸਨ। ਆਪ ਜੀ ਦੇ ਜਨਮ ਦੀ ਖ਼ਬਰ ਸੁਣਦਿਆਂ ਹੀ ਛੋਟੇ ਪਾਤਸ਼ਾਹ ਪੰਜ ਸਿੱਖਾਂ ਸਮੇਤ ਵੇਖਣ ਲਈ ਗਏ। ਵੇਖਦਿਆਂ ਹੀ ਗੁਰੂ ਹਰਿਗੋਬਿੰਦ ਜੀ ਨੇ ਆਖਿਆ ਕਿ ''ਸਾਡਾ ਇਹ ਪੁੱਤਰ ਬਹੁਤ ਹੀ ਸੂਰਬੀਰ ਅਤੇ ਤੇਗ਼ ਦਾ ਧਨੀ ਹੋਵੇਗਾ।'' ਗੁਰੂ ਜੀ ਮੁੱਢ ਤੋਂ ਹੀ ਸੰਤ-ਸੁਭਾਅ, ਗੰਭੀਰ, ਵਿਚਾਰਵਾਨ, ਦਲੇਰ ਅਤੇ ਨਿਰਭੈ ਸਨ। ਆਪ ਬਚਪਨ ਵਿਚ ਹੀ ਨਾਮ ਸਿਮਰਨ ਵਿਚ ਲੀਨ ਰਹਿੰਦੇ ਅਤੇ ਕਈ ਵੇਰ ਸਮਾਧੀ ਵੀ ਲਾ ਲੈਂਦੇ। ਇਕ ਵਾਰ ਮਾਤਾ ਜੀ ਨੇ ਚਿੰਤਾ ਪ੍ਰਗਟ ਕੀਤੀ ਤਾਂ ਗੁਰੂ-ਪਿਤਾ ਨੇ ਆਖਿਆ, ''ਮੇਰੇ ਇਸ ਪੁੱਤਰ ਨੇ ਬੜਾ ਮਹਾਨ ਕੰਮ ਕਰਨਾ ਹੈ ਜਿਸਦੀ ਇਹ ਹੁਣ ਤੋਂ ਹੀ ਤਿਆਰੀ ਕਰ ਰਿਹਾ ਹੈ।'' ਗੁਰਮਤਿ ਦੇ ਜਾਵੀਏ ਤੋਂ ਸੂਰਮੇ ਦੋ ਕਿਸਮ ਦੇ ਹੁੰਦੇ ਹਨ। ਇਕ ਸੂਰਮਾ ਉਹ ਹੁੰਦਾ ਹੈ, ਜਿਸਨੇ ਵਾਹਿਗੁਰੂ ਦੀ ਕ੍ਰਿਪਾ ਨਾਲ ਆਪਣੀ ਮੈਂ (ਹਉਮੈ) ਨੂੰ ਮਾਰ ਲਿਆ ਹੁੰਦਾ ਹੈ ਤੇ ਦੂਸਰਾ ਸੂਰਮਾ ਉਹ ਹੁੰਦਾ ਹੈ ਜੋ ਨਿਮਾਣਿਆਂ ਦਾ ਮਾਣ ਅਤੇ ਨਿਤਾਣਿਆਂ ਦਾ ਤਾਣ ਬਣਨ ਲਈ ਆਪਣੀ ਆਵਾਜ਼ ਬੁਲੰਦ ਕਰਦਾ ਹੈ। ਧਾਰਮਿਕ ਸੁਤੰਤਰਤਾ ਅਤੇ ਮਨੁੱਖੀ ਬਰਾਬਰੀ ਹਿੱਤ ਆਪਾ ਨਿਛਾਵਰ ਕਰਨ ਵਾਲੇ ਅਜਿਹੇ ਹੀ ਸੂਰਮੇ ਸਨ ਸ੍ਰੀ ਗੁਰੂ ਤੇਗ਼ ਬਹਾਦਰ ਜੀ। ਬਚਪਨ ਤੋਂ ਹੀ ਆਪ ਸਾਧੂ ਸੁਭਾਅ, ਸੋਚਵਾਨ, ਦਲੇਰ, ਤਿਆਗੀ ਅਤੇ ਪਰਉਪਕਾਰੀ ਤਬੀਅਤ ਦੇ ਮਾਲਕ ਸਨ।

ਆਪ ਜੀ ਦੀ ਪੜ੍ਹਾਈ ਅਤੇ ਸਿਖਲਾਈ ਗੁਰੂ ਪਿਤਾ ਦੀ ਦੇਖ-ਰੇਖ ਵਿਚ ਹੋਈ। ਧਰਮ ਗ੍ਰੰਥਾਂ ਦੀ ਪੜ੍ਹਾਈ ਦੇ ਨਾਲ-ਨਾਲ ਆਪ ਜੀ ਨੂੰ ਸ਼ਸਤਰ ਵਿੱਦਿਆ ਦਿੱਤੀ ਗਈ ਅਤੇ ਘੋੜ-ਸਵਾਰੀ ਵੀ ਸਿਖਾਈ ਗਈ। ਆਪ ਜੀ ਦਾ ਵਿਆਹ ਕਰਤਾਰਪੁਰ (ਜ਼ਿਲ੍ਹਾ ਜਲੰਧਰ) ਨਿਵਾਸੀ ਸ੍ਰੀ ਲਾਲ ਚੰਦ ਜੀ ਖੱਤਰੀ ਅਤੇ ਬਿਸ਼ਨ ਕੌਰ ਜੀ ਦੀ ਸਪੁੱਤਰੀ ਸ੍ਰੀ ਗੁਜਰੀ ਜੀ ਨਾਲ 15 ਅੱਸੂ 1689 ਬਿਕਰਮੀ ਨੂੰ ਹੋਇਆ ਜਿਨ੍ਹਾਂ ਦੀ ਕੁੱਖੋਂ 1666 ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਹੋਇਆ।

ਗੁਰਮਤਿ ਦੇ ਗਿਆਤਾ ਹੋਣ ਦੇ ਨਾਲ-ਨਾਲ ਆਪ ਜੰਗੀ ਪੈਂਤੜਿਆਂ ਤੋਂ ਵੀ ਪੂਰੀ ਤਰ੍ਹਾਂ ਜਾਣਕਾਰ ਹੋ ਗਏ। ਗੁਰੂ ਪਿਤਾ (ਗੁਰੂ ਹਰਿਗੋਬਿੰਦ ਜੀ) ਵੱਲੋਂ ਬਖ਼ਸ਼ਿਆ ਸੰਤ ਤੇ ਸਿਪਾਹੀ ਦਾ ਸੰਕਲਪ ਗੁਰੂ ਤੇਗ਼ ਬਹਾਦਰ ਜੀ ਦੀ ਸ਼ਖ਼ਸੀਅਤ ਵਿਚ ਪੂਰਨ ਰੂਪ ਵਿਚ ਉਜਾਗਰ ਹੋਣ ਲੱਗਾ।

ਗੁਰੂ ਜੀ ਰੂਹਾਨੀ ਸ਼ਖ਼ਸੀਅਤ ਦੇ ਮਾਲਕ ਸਨ। ਨਾਮ ਸਿਮਰਨ ਵਿਚ ਜੁੜੇ ਰਹਿਣ ਕਾਰਨ ਆਪ ਬਹੁਤ ਅਡੋਲ-ਚਿੱਤ ਅਤੇ ਗੰਭੀਰ ਰਹਿੰਦੇ ਸਨ। ਦੁਨਿਆਵੀ ਖ਼ਾਹਿਸ਼ਾਂ ਤੋਂ ਆਪ ਬਿਲਕੁਲ ਪਰੇ ਰਹਿੰਦੇ ਅਤੇ ਕਿਸੇ ਦਾ ਦੁੱਖ ਨਾ ਸਹਾਰ ਸਕਦੇ। ਇੱਕ ਵਾਰ ਆਪ ਆਪਣੇ ਗਲ ਦੇ ਕੱਪੜੇ ਹੀ ਇਕ ਗ਼ਰੀਬ ਬੱਚੇ ਨੂੰ ਦੇ ਆਏ ਸਨ। ਇਹੀ ਕਾਰਨ ਸੀ ਕਿ ਜਦੋਂ ਗੁਰੂ ਪਿਤਾ ਨੇ ਆਪ ਜੀ ਨੂੰ ਛੱਡਕੇ ਗੁਰੂ ਹਰਿਰਾਇ ਜੀ ਨੂੰ ਗੁਰਗੱਦੀ ਲਈ ਚੁਣਿਆ ਅਤੇ ਗੁਰੂ ਹਰਿਰਾਇ ਨੇ ਆਪਣੇ ਸਵਾ ਪੰਜ ਸਾਲ ਦੇ ਸਪੁੱਤਰ ਹਰਿਕ੍ਰਿਸ਼ਨ ਨੂੰ ਗੁਰਤਾ ਬਖ਼ਸ਼ੀ ਤਾਂ ਆਪ ਜੀ ਨੇ ਰੱਤੀ ਭਰ ਕਿੰਤੂ ਨਾ ਕੀਤਾ ਅਤੇ ਅਟੰਕ ਰਹਿ ਕੇ ਸਿਮਰਨ ਵਿਚ ਜੁੜੇ ਰਹੇ।


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਸੰਮਤ 1701 ਬਿ. ਵਿਚ ਗੁਰੂ ਪਿਤਾ ਜੀ ਦੇ ਜੋਤੀ ਜੋਤਿ ਸਮਾਉਣ ਪਿੱਛੋਂ ਉਨ੍ਹਾਂ ਦੇ ਹੁਕਮਾਂ ਅਨੁਸਾਰ ਆਪ ਜੀ ਮਾਤਾ ਨਾਨਕੀ ਜੀ ਅਤੇ ਸੁਪਤਨੀ ਗੁਜਰੀ ਜੀ ਸਮੇਤ ਬਕਾਲੇ ਆ ਕੇ ਰਹਿਣ ਲੱਗ ਪਏ। ਇਹ ਆਪ ਜੀ ਦਾ ਨਾਨਕਾ ਪਿੰਡ ਸੀ। ਇੱਥੇ ਆਪ ਇਕ ਮਾਮੂਲੀ ਜਿਹੇ ਮਕਾਨ ਵਿਚ ਰਹਿੰਦੇ ਅਤੇ ਨਾਮ ਸਿਮਰਨ ਨੂੰ ਸਭ ਤੋਂ ਵੱਧ ਸਮਾਂ ਦਿੰਦੇ। ਅਸਲ ਵਿਚ ਆਪ ਉਸ ਮਹਾਨ ਕਾਰਜ ਲਈ ਤਿਆਰੀ ਕਰ ਰਹੇ ਸਨ, ਜਿਸ ਲਈ ਵੱਡੇ ਦਿਲ-ਜਿਗਰੇ ਅਤੇ ਉੱਚੀ, ਅਡੋਲ ਆਤਮਾ ਦੀ ਲੋੜ ਹੁੰਦੀ ਹੈ। ਉਹ ਜਾਣਦੇ ਸਨ ਕਿ ਜਿੰਨਾ ਵੱਡਾ ਮਨੋਰਥ ਹੋਵੇ, ਉਸਦੀ ਪ੍ਰਾਪਤੀ ਲਈ ਓਨੀ ਹੀ ਵੱਡੀ ਕੁਰਬਾਨੀ ਦੀ ਲੋੜ ਪੈਂਦੀ ਹੈ। ਉਹ ਤਾਂ ਇਕ ਸ਼ਕਤੀਸ਼ਾਲੀ ਅਤੇ ਜ਼ਾਲਮ ਹਕੂਮਤ ਦੇ ਜ਼ੋਰ-ਜਬਰ ਅਤੇ ਅਤਿਆਚਾਰਾਂ ਵਿਰੁੱਧ ਡਟਣ ਦੀ ਤਿਆਰੀ ਕਰ ਰਹੇ ਸਨ। ਉਨ੍ਹਾਂ ਤਾਂ ਤਿਲਕ ਜੰਞੂ ਦੀ ਰਾਖੀ ਲਈ ਆਪਣਾ ਬਲੀਦਾਨ ਦੇ ਕੇ 'ਹਿੰਦ ਦੀ ਚਾਦਰ' ਬਣਨਾ ਸੀ। ਇਸ ਯੋਗ ਬਣਨ ਲਈ ਲੰਮੀ ਅਤੇ ਘੋਰ ਤਪੱਸਿਆ ਦੀ ਲੋੜ ਸੀ।

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਜੋਤੀ-ਜੋਤਿ ਸਮਾਉਣ ਸਮੇਂ ਇਹ ਬਚਨ ਕਰ ਗਏ ਸਨ ਕਿ ਉਨ੍ਹਾਂ ਦੇ ਪਿੱਛੋਂ ਗੁਰਤਾ ਦੀ ਜ਼ਿੰਮੇਵਾਰੀ ਨਿਭਾਉਣ ਵਾਲੇ ਮਹਾਂਪੁਰਸ਼, ਉਨ੍ਹਾਂ ਦੇ ਬਾਬਾ (ਪਿਤਾ ਦੇ ਚਾਚਾ) ਹਨ ਜੋ ਬਕਾਲੇ ਨਿਵਾਸ ਰੱਖਦੇ ਹਨ 'ਬਾਬਾ ਬਕਾਲੇ'। ਇਹ ਗੱਲ ਦੂਰ-ਦੂਰ ਤੱਕ ਫੈਲ ਗਈ ਸੀ। ਸਿੱਟੇ ਵਜੋਂ ਧੀਰ ਮੱਲ ਅਤੇ ਕੁਝ ਹੋਰ ਮੋਢੀ ਬਕਾਲੇ ਵਿਚ ਆਪੇ ਹੀ 'ਗੁਰੂ' ਬਣ ਬੈਠੇ ਸਨ ਅਤੇ ਸੰਗਤਾਂ ਨੂੰ ਗੁੰਮਰਾਹ ਕਰ ਰਹੇ ਸਨ। ਇਹਨਾਂ ਦੀ ਗਿਣਤੀ ਬਾਈ (22) ਪਹੁੰਚ ਗਈ ਸੀ। ਪ੍ਰੰਤੂ, ਅੱਠਵੀਂ ਪਾਤਸ਼ਾਹੀ ਦੇ ਅੰਤਿਮ ਬਚਨਾਂ ਅਨੁਸਾਰ ਬਕਾਲੇ ਨਿਵਾਸ ਰੱਖਦਾ ਅਸਲ ਬਾਬਾ ਸੀ (ਗੁਰੂ) ਤੇਗ਼ ਬਹਾਦਰ ਸਾਹਿਬ ਹੀ ਸਨ ਜੋ ਭੋਰੇ ਵਿਚ ਭਜਨ ਬੰਦਗੀ ਵਿਚ ਲੀਨ ਰਹਿੰਦੇ ਸਨ ਅਤੇ ਕਿਸੇ ਝਗੜੇ ਵਿਚ ਪੈਣ ਨੂੰ ਤਿਆਰ ਨਹੀਂ ਸਨ। ਇਸ ਰੌਲੇ-ਗੌਲੇ ਵਿਚ ਸਾਲ ਬੀਤ ਗਿਆ ਪਰ ਆਪਣੇ-ਆਪ ਬਣੇ ਗੁਰੂਆਂ ਤੋਂ ਸੰਗਤਾਂ ਸੰਤੁਸ਼ਟ ਨਾ ਹੋ ਸਕੀਆਂ। ਇੰਨੇ ਨੂੰ ਮਾਰਚ 1665 ਵਿਚ ਮੱਖਣ ਸ਼ਾਹ ਲੁਬਾਣਾ ਨਾਂ ਦਾ ਇਕ ਸ਼ਰਧਾਲੂ ਸਿੱਖ ਪੰਜ ਸੌ ਮੋਹਰਾਂ ਦੀ ਕਾਰ-ਭੇਟ ਲੈ ਕੇ ਬਕਾਲੇ ਪੁੱਜਾ। ਉਹ ਇਕ ਉੱਘਾ ਵਪਾਰੀ ਸੀ ਅਤੇ ਗੁਜਰਾਤ (ਕਾਠੀਆਵਾੜ) ਵਿਚ ਮਸੰਦ ਦੀ ਸੇਵਾ ਨਿਭਾਉਂਦਾ ੀ ਉਹ ਆਪ ਹੀ ਬਣੇ ਗੁਰੂਆਂ ਤੋਂ ਬਹੁਤ ਪ੍ਰੇਸ਼ਾਨ ਹੋਇਆ

> ''ਇਨ੍ਹਾਂ ਨੇ ਕਿਸੇ ਹੋਰ ਨੂੰ ਕੀ ਉਪਦੇਸ਼ ਦੇਣਾ ਹੈ ਜੋ ਆਪ ਹਉਮੈ, ਈਰਖਾ, ਕ੍ਰੋਧ, ਸਾੜਾ, ਲੋਭ ਆਦਿ ਦੀ ਅੱਗ ਵਿਚ ਸੜ ਰਹੇ ਹਨ।''

ਉਸਨੇ ਪਰਮਾਤਮਾ ਅੱਗੇ ਅਰਦਾਸ ਕੀਤੀ,

> ''ਸੱਚੇ ਪਾਤਸ਼ਾਹ! ਤੁਸੀਂ ਆਪ ਹੀ ਮੈਨੂੰ ਇਸ ਉਲਝਣ ਵਿੱਚੋਂ ਕੱਢੋ, ਇਹ ਮੇਰੀ ਅਲਪ ਬੁੱਧੀ ਦੀ ਗੱਲ ਨਹੀਂ ਹੈ।''

ਉਸਨੂੰ ਇਕ ਤਰਕੀਬ ਸੁੱਝੀ ਅਤੇ ਆਪੇ ਬਣੇ 'ਗੁਰੂਆਂ' ਅੱਗੇ ਦੋ-ਦੋ ਮੋਹਰਾਂ ਧਰ ਮੱਥਾ ਟੇਕਣ ਲੱਗਾ। ਸਾਰੇ 'ਗੁਰੂ' ਖੁਸ਼ ਹੋ ਅਸੀਸ ਦੇਈ ਗਏ ਪਰ ਉਸਦੀ (ਮੱਖਣ ਸ਼ਾਹ) ਦੀ ਤਸੱਲੀ ਕੀ ਹੋਣੀ ਸੀ? ਉਸਨੂੰ ਤਾਂ ਨਿਸ਼ਚਾ ਹੋ ਗਿਆ ਕਿ ਇਹ ਸਾਰੇ ਪਾਖੰਡੀ ਹਨ।

ਉਸਨੇ ਲੋਕਾਂ ਕੋਲੋਂ ਪੁੱਛਿਆ ਕਿ ''ਕੀ ਕੋਈ ਹੋਰ ਸੋਢੀ ਇੱਥੇ ਰਹਿੰਦਾ ਹੈ? ਇਕ ਭਲੇ ਪੁਰਸ਼ ਨੇ ਇਕ ਇਕਾਂਤ ਵਸੀ ਭਜਨੀਕ ਦੀ ਦੱਸ ਪਾਈ ਅਤੇ ਕਿਹਾ, ''ਉਹ ਗੁਰੂ ਹੋਣ ਦਾ ਦਾਅਵਾ ਨਹੀਂ ਕਰਦਾ।''

ਮੱਖਣ ਸ਼ਾਹ ਨੇ ਗੁਰੂ ਤੇਗ਼ ਬਹਾਦਰ ਅੱਗੇ ਵੀ ਦੋ ਮੋਹਰਾਂ ਰੱਖ ਕੇ ਮੱਥਾ ਟੇਕਿਆ। ਗੁਰੂ ਜੀ ਮੁਸਕਰਾਏ ਅਤੇ ਆਖਿਆ, ''ਗੁਰੂ ਦੀ ਅਮਾਨਤ ਦਿੱਤੀ ਹੀ ਚੰਗੀ ਹੁੰਦੀ ਹੈ ਇਹ ਦੋ ਮੋਹਰਾਂ ਕਿਉਂ?'' ਇਹ ਗੱਲ ਸੁਣਕੇ ਤਾਂ ਭਾਈ ਸਾਹਿਬ ਦੇ ਸਾਰੇ ਸ਼ੰਕੇ ਦੂਰ ਹੋ ਗਏ। ਉਸਨੇ ਝੱਟ ਪੰਜ ਸੌ ਮੋਹਰਾਂ ਕੱਢੀਆਂ ਅਤੇ ਗੁਰੂ ਚਰਨਾਂ 'ਤੇ ਧਰਕੇ ਮੱਥਾ ਟੇਕਿਆ ਤੇ ਫਿਰ ਕੋਠੇ ਚੜ੍ਹਕੇ 'ਗੁਰੂ ਲਾਧੋ ਰੇ' ਦਾ ਉੱਚੀ-ਉੱਚੀ ਹੋਕਾ ਦਿੱਤਾ। ਗੁਰੂ ਤੇਗ਼ ਬਹਾਦਰ ਜੀ ਨੂੰ ਬਾਬਾ ਬੁੱਢਾ ਜੀ ਦੇ ਪੋਤਰੇ ਭਾਈ ਗੁਰਦਿੱਤਾ ਜੀ ਨੇ ਗੁਰੂਤਾ ਦਾ ਤਿਲਕ ਲਗਾਇਆ।

ਸਾਰੇ ਹਾਲਾਤਾਂ ਦੇ ਸਨਮੁੱਖ ਗੁਰੂ ਜੀ ਨੇ ਪਰਿਵਾਰ ਸਮੇਤ ਪ੍ਰਚਾਰ ਦੌਰਾ ਆਰੰਭ ਕੀਤਾ। ਗੁਰੂ ਨਾਨਕ ਸਾਹਿਬ ਤੋਂ ਪਿੱਛੋਂ ਚਾਰ ਪਾਤਸ਼ਾਹੀਆਂ ਮਾਝੇ ਅਤੇ ਦੁਆਬੇ ਵਿਚ ਹੀ ਸਿੱਖੀ ਦੀ ਜੜ ਪੱਕੀ ਕਰਦੀਆਂ ਰਹੀਆਂ ਸਨ। ਸਿਰਫ਼ ਛੇਵੇਂ ਪਾਤਸ਼ਾਹ ਹੀ ਪੀਲਭੀਤ ਤੱਕ ਗਏ ਸਨ। ਸੋ ਮਾਲਵੇ, ਬਾਂਗਰ ਆਦਿ ਇਲਾਕਿਆਂ ਵਿਚ ਜਾਣ ਦੀ ਲੋੜ ਗੁਰੂ ਤੇਗ਼ ਬਹਾਦਰ ਜੀ ਨੇ ਮਹਿਸੂਸ ਕੀਤੀ। ਔਰੰਗਜ਼ੇਬ ਦੇ ਜ਼ਾਲਮ ਰਾਜ ਵਿਚ ਲੋਕ ਬਹੁਤ ਸਹਿਮ ਗਏ ਸੀ। ਇਸ ਲਈ ਉਨ੍ਹਾਂ ਨੂੰ ਦੱਸਣਾ ਕਿ ਇੱਜ਼ਤ ਪਤ ਤੋਂ ਬਿਨਾਂ ਜੀਣਾ ਕਿਸੇ ਕੰਮ ਨਹੀਂ ਹੈ, ਨਾ ਕਿਸੇ ਤੋਂ ਡਰਨਾ ਚਾਹੀਦਾ ਹੈ ਤੇ ਨਾ ਹੀ ਕਿਸੇ ਨੂੰ ਡਰਾਉਣਾ।

ਗੁਰੂ ਜੀ ਕਈ ਇਲਾਕਿਆਂ ਦੇ ਦੌਰਿਆਂ ਤੋਂ ਬਾਅਦ ਪੰਜਾਬ ਆਏ ਕਿਉਂਕਿ ਪੰਜਾਬ ਦੇ ਲੋਕ ਔਰੰਗਜ਼ੇਬ ਦੀਆਂ ਨੀਤੀਆਂ ਤੋਂ ਸਹਿਮੇ ਹੋਏ ਸਨ। ਆਪਣੇ ਭਰਾਵਾਂ ਦਾ ਕਤਲ ਕਰਕੇ ਅਤੇ ਪਿਤਾ ਨੂੰ ਕੈਦ ਵਿਚ ਪਾ ਕੇ ਔਰੰਗਜ਼ੇਬ ਜੁਲਾਈ 1658 ਈ. ਤਖ਼ਤ ਉੱਤੇ ਬੈਠਾ। ਉਸਨੇ ਛੇ-ਸੱਤ ਸਾਲਾਂ ਵਿਚ ਆਪਣੀ ਹਕੂਮਤ ਚੰਗੀ ਮਜ਼ਬੂਤ ਬਣਾ ਲਈ। ਹੁਣ ਉਸਨੇ ਆਪਣੀ ਧਾਰਮਿਕ ਨੀਤੀ ਬਦਲੀ। ਮੌਲਵੀਆਂ ਕਾਜ਼ੀਆਂ ਨੂੰ ਹੱਥ ਵਿਚ ਲੈਣ ਲਈ ਰਿਸ਼ਵਤਾਂ, ਲਾਲਚ ਵੀ ਦਿੱਤੇ ਨਾਲ ਭਗਤੀ ਭਾਵ ਵਾਲੇ ਮੁਸਲਮਾਨਾਂ, ਸੂਫ਼ੀਆਂ, ਫ਼ਕੀਰਾਂ ਨੂੰ ਖ਼ਤਮ ਕਰਨਾ ਸ਼ੁਰੂ ਕਰ ਦਿੱਤਾ। ਹਿੰਦੂਆਂ ਉੱਤੇ ਤਾਂ ਏਨੀ ਸਖ਼ਤੀ ਕੀਤੀ ਕਿ ਉਨ੍ਹਾਂ ਦੀਆਂ ਪਾਠਸ਼ਾਲਾਵਾਂ ਅਤੇ ਮੰਦਰ ਢਾਹੇ ਗਏ। ਬਨਾਰਸ ਦਾ ਪ੍ਰਸਿੱਧ ਮੰਦਰ 'ਵਿਸ਼ਵਨਾਥ' ਜਿਸ ਨੂੰ ਨਰ ਸਿੰਘ ਦੇਵ ਨੇ 33 ਲੱਖ ਰੁਪੈ ਨਾਲ ਬਣਵਾਇਆ ਸੀ, ਢਾਹ ਦਿੱਤਾ। ਸੈਂਕੜੇ ਬ੍ਰਾਹਮਣਾਂ ਨੂੰ ਬੰਦੀ ਬਣਾਕੇ ਤਸੀਹੇ ਦਿੱਤੇ ਗਏ ਕਿ ਉਹ ਇਸਲਾਮ ਕਬੂਲ ਕਰ ਲੈਣ। ਹੋਰ ਥਾਵਾਂ ਨਾਲੋਂ ਕਸ਼ਮੀਰ ਉੱਤੇ ਬਹੁਤੀ ਸਖ਼ਤੀ ਕੀਤੀ ਗਈ ਅਤੇ ਬ੍ਰਾਹਮਣਾਂ ਨੂੰ ਨਿਸ਼ਾਨਾ ਬਣਾਇਆ ਗਿਆ ਕਿ ਜੇ ਉਹ ਮੁਸਲਮਾਨ ਬਣ ਗਏ ਤਾਂ ਅਖੌਤੀ ਨੀਵੀਆਂ ਜਾਤੀਆਂ ਨੂੰ ਆਪੇ ਇਸਲਾਮ ਦੇ ਘੇਰੇ ਵਿਚ ਲੈ ਆਉਣਗੇ ਅਤੇ ਦੂਸਰਾ ਲਾਭ ਇਹ ਹੋਵੇਗਾ ਕਿ ਮੁਸਲਮਾਨਾਂ ਦਾ ਦਿਮਾਗ਼ੀ ਪੱਧਰ ਉੱਚਾ ਹੋ ਜਾਵੇਗਾ।


© Copyright @ Authors

ਆਖ਼ਿਰ ਤੰਗ ਆ ਕੇ ਬ੍ਰਾਹਮਣਾਂ ਨੇ ਇਕੱਠ ਕੀਤਾ ਅਤੇ ਫ਼ੈਸਲਾ ਕੀਤਾ ਕਿ ਇਹ ਮਸਲਾ ਸ੍ਰੀ ਗੁਰੂ ਤੇਗ਼ ਬਹਾਦਰ ਜੀ ਅੱਗੇ ਰੱਖਿਆ ਜਾਵੇ। ਇਕ ਟੋਲੀ ਪੰਡਿਤ ਕਿਰਪਾ ਰਾਮ ਦੀ ਅਗਵਾਈ ਵਿਚ ਅਨੰਦਪੁਰ ਸਾਹਿਬ ਪੁੱਜੀ ਤੇ ਆਪਣੀ ਦੁੱਖ-ਭਰੀ ਦਾਸਤਾਂ ਗੁਰੂ ਜੀ ਨੂੰ ਸੁਣਾਈ। ਸਾਰੀ ਗੱਲ ਸੁਣਕੇ ਗੁਰੂ ਜੀ ਨੇ ਆਖਿਆ ਕਿ ਜਦ ਤੱਕ ਕੋਈ ਸਤਿਪੁਰਖ ਮਹਾਤਮਾ ਹਿੰਦੂ ਧਰਮ ਵਾਸਤੇ ਆਪਣੇ ਬਲੀਦਾਨ ਨਹੀਂ ਕਰਦਾ ਤਦ ਤੱਕ ਇਸ ਧਰਮ ਦਾ ਠਹਿਰਨਾ ਔਖਾ ਹੈ। ਇਹ ਗੱਲ ਸੁਣਕੇ ਹੋਰ ਤਾਂ ਸਾਰੇ ਚੁੱਪ ਸਨ ਪਰ ਗੋਬਿੰਦ ਰਾਏ ਜੀ ਨੇ ਬੇਨਤੀ ਕੀਤੀ, ''ਮਹਾਰਾਜ! ਆਪ ਜੀ ਨਾਲੋਂ ਹਿੰਦੂ ਧਰਮ ਦਾ ਰਾਖਾ ਸਤਿਪੁਰਖ ਹੋਰ ਕੌਣ ਹੈ?'' ਇਹ ਸੁਣਕੇ ਗੁਰੂ ਜੀ ਬਹੁਤ ਖੁਸ਼ ਹੋਏ ਅਤੇ ਗੋਬਿੰਦ ਰਾਏ ਜੀ ਨੂੰ ਘੁੱਟਕੇ ਛਾਤੀ ਨਾਲ ਲਾਇਆ ਅਤੇ ਪੰਡਿਤਾਂ ਨੂੰ ਆਖਿਆ, ''ਜਾ ਕੇ ਔਰੰਗਜ਼ੇਬ ਤੱਕ ਇਹ ਗੱਲ ਪਹੁੰਚਾ ਦਿਓ ਕਿ ਸਾਡਾ ਆਗੂ ਗੁਰੂ ਤੇਗ਼ ਬਹਾਦਰ ਹੈ। ਜੇ ਉਹ ਮੁਸਲਮਾਨ ਬਣ ਜਾਵੇ ਤਾਂ ਅਸੀਂ ਸਾਰੇ ਤੁਰੰਤ ਹੀ ਬਣ ਜਾਵਾਂਗੇ।''

ਪੰਡਤ ਉੱਥੋਂ ਸਿੱਧਾ ਲਾਹੌਰ ਗਏ ਅਤੇ ਸੂਬੇ ਜ਼ਾਲਮ ਖ਼ਾਂ ਨੂੰ ਇੰਜ ਹੀ ਕਹਿ ਦਿੱਤਾ। ਔਰੰਗਜ਼ੇਬ ਪਹਿਲਾਂ ਹੀ ਗੁਰੂ ਜੀ ਨੂੰ ਹਕੂਮਤ ਲਈ ਖ਼ਤਰਨਾਕ ਸਮਝਦਾ ਸੀ। ਗੁਰੂ ਜੀ ਨੂੰ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਸਮੇਤ ਸੁੰਨੀ ਹਵੇਲੀ ਵਿਚ ਬੰਦ ਕਰਕੇ ਸਖ਼ਤ ਤਸੀਹੇ ਦਿੱਤੇ ਗਏ। ਭਾਈ ਮਤੀ ਦਾਸ ਤੇ ਸਤੀ ਦਾਸ ਦੀਆਂ ਸ਼ਹੀਦੀਆਂ ਗੁਰੂ ਜੀ ਨੇ ਆਪਣੀਆਂ ਅੱਖਾਂ ਨਾਲ ਵੇਖੀਆਂ ਪਰ ਆਪ ਆਪਣੇ ਉਦੇਸ਼ ਅਤੇ ਆਦਰਸ਼ ਉੱਤੇ ਡਟੇ ਰਹੇ। ਉਨ੍ਹਾਂ ਨੇ ਹਿੰਦੂ ਧਰਮ ਦੀ ਰੱਖਿਆ ਲਈ ਬਲੀਦਾਨ ਦੇਣ ਲਈ ਆਪ ਹੀ ਗ੍ਰਿਫ਼ਤਾਰੀ ਦਿੱਤੀ ਸੀ, ਕਿਉਂਕਿ ਉਹ ਸੱਚ, ਧਰਮ ਅਤੇ ਮਨੁੱਖਤਾ ਨੂੰ ਪਿਆਰ ਕਰਦੇ ਸਨ। 11 ਨਵੰਬਰ, 1675 ਨੂੰ ਗੁਰੂ ਜੀ ਨੂੰ ਕੈਦ ਵਿੱਚੋਂ ਬਾਹਰ ਕੱਢ ਕੇ ਚਾਂਦਨੀ ਚੌਂਕ ਵਿਚ ਸ਼ਹੀਦ ਕਰ ਦਿੱਤਾ ਗਿਆ। ਇਸ ਬਲੀਦਾਨ ਦੀ ਤੁਲਨਾ ਮੈਕਾਲਫ਼ ਆਖਦਾ ਹੈ :

> ''ਦੁਨੀਆਂ ਦੀ ਕਿਸੇ ਘਟਨਾ ਨਾਲ ਇਸ ਦਾ ਮੇਲ ਨਹੀਂ ਕੀਤਾ ਜਾ ਸਕਦਾ। ਇਹ ਆਪਣੇ ਆਪ ਵਿਚ ਇਕ ਵੱਖਰ, ਅਨੋਖੀ ਤੇ ਅਲੌਕਿਕ ਘਟਨਾ ਹੈ।''

ਗੁਰੂ ਤੇਗ਼ ਬਹਾਦਰ ਜੀ ਦੇ ਬਲੀਦਾਨ ਨਾਲ ਭਾਰਤ ਦੇ ਲੋਕ ਹਾਕਮਾਂ ਨਾਲ ਟੱਕਰ ਲੈਣ ਤੇ ਕੁਰਬਾਨੀਆਂ ਦੇਣ ਲਈ ਤਿਆਰ ਬਰ ਤਿਆਰ ਹੋ ਗਏ। ਗੁਰੂ ਤੇਗ਼ ਬਹਾਦਰ ਜੀ ਦਾ ਬਲੀਦਾਨ ਅੰਦਰੂਨੀ ਮੁੱਲ ਅਤੇ ਨਤੀਜੇ ਵਜੋਂ ਮਨੁੱਖੀ ਅਧਿਕਾਰਾਂ ਦੀ ਸਰਬਵਿਆਪੀ ਧਾਰਨਾ ਨੂੰ ਸ਼ਕਤੀ ਦਿੰਦੀ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਹਿੰਦ ਦੀ ਚਾਦਰ ਅਰਥਾਤ ਸਮੂਹ ਕਾਇਨਾਤ ਦੀ ਇੱਜ਼ਤ ਅਤੇ ਅਣਖ ਦੇ ਰਖਵਾਲੇ ਸਨ। ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਦੀ ਤਰਜਮਾਨੀ ਕਰਦੀ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਇਹ ਸਮਝ ਅਤੇ ਕਦਰ ਹੁਣ ਵਿਸ਼ਵਿਆਪੀ ਮਨੁੱਖੀ ਅਧਿਕਾਰਾਂ ਦੇ ਭਾਸ਼ਣ ਨੂੰ ਅਮੀਰ ਬਣਾ ਰਹੀ ਹੈ। ਗੁਰੂ ਸਾਹਿਬ ਦੀ ਮਹਾਨ ਕੁਰਬਾਨੀ ਤੋਂ ਬਾਅਦ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਤੇ ਜ਼ਾਲਮ ਹਕੂਮਤ ਦੀਆਂ ਜੜ੍ਹਾਂ ਹਿਲਾ ਕੇ ਰੱਖ ਦਿੱਤੀਆਂ। ਗੁਰੂ ਜੀ ਦੀ ਅਦੁੱਤੀ ਕੁਰਬਾਨੀ ਬਾਰੇ ਗੁਰੂ ਗੋਬਿੰਦ ਸਿੰਘ ਜੀ ਨੇ ਬਚਿੱਤਰ ਨਾਟਕ ਵਿਚ ਲਿਖਿਆ ਹੈ :

ਧਰਮ ਹੇਤ ਸਾਕਾ ਜਿਨਿ ਕੀਆ

ਸੀਸ ਦੀਆ ਪਰੁ ਸਿਰਰੁ ਨ ਦੀਆ

*(ਬਚਿੱਤਰ ਨਾਟਕ)*

ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਕੁੱਲ ਆਵਾਮ ਲਈ ਇਕ ਰਾਹ ਦਸੇਰਾ ਸਾਬਤ ਹੋਈ ਇਹ ਸ਼ਹਾਦਤ 'ਨਿੱਜ' ਲਈ ਜਾਂ 'ਆਪਣੇ' ਲਈ ਨਾ ਦਿੱਤੀ ਗਈ ਸਗੋਂ 'ਪਰ' ਲਈ ਦਿੱਤੀ ਗਈ। ਇਸ ਬਲੀਦਾਨ ਨੇ ਕੁੱਲ ਲੋਕਾਈ ਨੂੰ ਪੈਗ਼ਾਮ ਦਿੱਤਾ। ਇਸ ਬਲੀਦਾਨ ਨੇ ਜਿੱਥੇ ਜ਼ੁਲਮ ਦੇ ਵਧਦੇ ਹੜ੍ਹ ਅੱਗੇ ਰੋਕ ਪਾਈ, ਉੱਥੇ ਇਸ ਸ਼ਹਾਦਤ ਨੇ ਸਿੱਖ ਕੌਮ ਨੂੰ ਨਵੇਂ ਸਿਰੇ ਤੋਂ ਜਥੇਬੰਦ ਕੀਤਾ। ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਦਾ ਸਿੱਧਾ ਤੇ ਵੱਡਾ ਸਿੱਟਾ 'ਖ਼ਾਲਸੇ' ਦਾ ਜਨਮ ਹੈ। ਗਾਰਡਨ ਇਸ ਸੰਬੰਧੀ ਲਿਖਦਾ ਹੈ :

> ''ਜੋ ਤਿੱਖੀਆਂ ਸੂਲਾਂ ਗੁਰੂ ਤੇਗ਼ ਬਹਾਦਰ ਜੀ ਦੇ ਖ਼ੂਨ ਨਾਲ ਦਿੱਲੀ ਵਿਚ ਬੀਜੀਆਂ ਗਈਆਂ ਸਨ, ਉਨ੍ਹਾਂ ਨੇ ਜਲਦੀ ਹੀ ਖ਼ਾਲਸਾ ਰੂਪ ਵਿਚ ਭਾਰੀ ਫਸਲ ਬਖ਼ਸ਼ੀ।''

ਕਨਿੰਘਮ ਆਖਦਾ ਹੈ :

> ਗੁਰੂ ਗੋਬਿੰਦ ਸਿੰਘ ਜੀ ਨੇ ਮਹਿਸੂਸ ਕੀਤਾ ਕਿ ਉਸਨੂੰ ਐਸੀ ਵਸਤੂ ਸਾਂਝੀ ਚੀਜ਼ ਸਿੱਖਾਂ ਨੂੰ ਦੇਣ ਦੀ ਲੋੜ ਹੈ ਜੋ ਕਮਜ਼ੋਰ ਦਿਲਾਂ ਨੂੰ ਤਕੜੀ ਕਰ ਜਾਏ ਅਤੇ ਅਨਿੰਨ ਸੇਵਕਾਂ ਵਿਚ ਅਥਾਹ ਜੋਸ਼ ਭਰ ਜਾਏ।

ਗੁਰੂ ਗੋਬਿੰਦ ਸਿੰਘ ਜੀ ਨੇ ਜਦ 'ਵਾਰ ਸ੍ਰੀ ਭਗੌਤੀ ਜੀ ਕੀ' ਦੀ ਪਹਿਲੀ ਪਉੜੀ ਲਿਖੀ ਤਾਂ ਉਸ ਵਿਚ ਇਹ ਸੰਕੇਤ ਦਿੱਤਾ ਕਿ ਗੁਰੂ ਤੇਗ਼ ਬਹਾਦਰ ਜੀ ਦੇ ਰਾਹ ਇਕ ਟਕ ਟੁਰਿਆ ਹੀ ਨਉਂ ਨਿਧਾਂ ਪ੍ਰਾਪਤ ਹੋ ਸਕਦੀਆਂ ਹਨ। ਹੋਰ ਕੋਈ ਰਾਹ ਸੁਖੀ ਹੋਣ ਦਾ ਨਹੀਂ।

> ''ਤੇਗ਼ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ।।''

*(ਵਾਰ ਸ੍ਰੀ ਭਗੌਤੀ ਜੀ ਕੀ)*


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਉਨ੍ਹਾਂ ਦਾ ਸਾਰਾ ਜੀਵਨ ਹੀ ਦੇਣ, ਵੰਡਣ ਤੇ ਕੁਰਬਾਨੀ ਦਾ ਸੀ ਅਤੇ ਇਹੀ ਰਾਹ ਹੈ ਕੌਮ ਨੂੰ ਤਗੜਿਆਂ ਤੇ ਨੌ ਨਿਧਾਂ ਨਾਲ ਭਰਪੂਰ ਕਰਨ ਦਾ। ਗੁਰੂ ਤੇਗ਼ ਬਹਾਦਰ ਜੀ ਸਦਾ ਕਿਹਾ ਕਰਦੇ ਸਨ ਕਿ

''ਹਮਰਾ ਬਰਤਨ ਇਹੈ ਸੁਭਾਉ।
ਸਹਿਜੈ ਆਵਉ ਸਹਿਜੇ ਜਾਉ।
ਕੁਛ ਕਾਹੂ ਬਾਤ ਗਿਲਾਨ ਮਤ ਕਰੋ।
ਹਰਿਕੀ ਭਗਤਿ ਰਿਦੈ ਸੰਚਰੋ।

(*ਮਹਿਮਾ ਪ੍ਰਕਾਸ਼*)

ਮਾਇਆ ਜੋੜਨ ਲਈ ਨਹੀਂ, ਵਰਤਣ ਲਈ ਹੈ। ਜੇ ਪਾਸ ਹੋਵੇ ਤਾਂ ਗ਼ਰੀਬਾਂ, ਲੋੜਵੰਦਾਂ ਅਤੇ ਨਿਰਧਨਾਂ 'ਤੇ ਖਰਚ ਕਰਨੀ ਚਾਹੀਦੀ ਹੈ।

ਗੁਰੂ ਤੇਗ਼ ਬਹਾਦਰ ਜੀ ਦੀ ਸਮੁੱਚੀ ਬਾਣੀ ਉੱਤੇ ਜੇਕਰ ਇਕ ਝਾਤ ਮਾਰੀਏ ਤਾਂ ਗੁਰੂ ਗ੍ਰੰਥ ਸਾਹਿਬ ਵਿਚ ਉਹਨਾਂ ਦੇ 59 ਸ਼ਬਦ ਅਤੇ 57 ਸਲੋਕ ਦਰਜ ਹਨ। ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਰਾਗਾਂ ਵਿਚ ਹੈ। ਜੈਜਾਵੰਤੀ ਰਾਗ ਕੇਵਲ ਨੌਵੇਂ ਪਾਤਸ਼ਾਹ ਜੀ ਨੇ ਗਾਇਆ ਹੈ। ਗੁਰੂ ਜੀ ਦੇ ਵਰਤੇ ਰਾਗਾਂ ਵਿਚ ਇਕ ਗੱਲ ਉੱਘੜ ਕੇ ਸਾਹਮਣੇ ਆਉਂਦੀ ਕਿ ਸਭ ਤੋਂ ਵੱਧ ਉਨ੍ਹਾਂ 21 ਸ਼ਬਦ ਗਉੜੀ ਅਤੇ ਸੋਰਠਿ ਵਿਚ ਗਾਏ ਹਨ। ਗਉੜੀ ਗੰਭੀਰ ਕਰਕੇ ਪ੍ਰਸਿੱਧ ਹੈ ਅਤੇ ਸੋਰਠਿ ਗਾਉਣ ਦਾ ਸਮਾਂ ਅੱਧੀ ਰਾਤ ਹੈ। ਇਹ ਇਸ ਗੱਲ ਦਾ ਲਖਾਇਕ ਹੈ ਕਿ ਉਸ ਸਮੇਂ ਗੰਭੀਰ ਹੋ ਕੇ ਕੁਝ ਉਪਾਅ ਕਰਨ ਦੀ ਲੋੜ ਸੀ ਤਾਂ ਕਿ ਸੰਕਟ ਦੀ ਰਾਤ ਟਾਲੀ ਜਾ ਸਕੇ। ਹੁਣ ਦੇਖਣਾ ਇਹ ਜ਼ਰੂਰੀ ਹੈ ਕਿ ਜੈਜਾਵੰਤੀ ਰਾਗ ਗੁਰੂ ਤੇਗ਼ ਬਹਾਦਰ ਜੀ ਨੇ ਉਚੇਚਾ ਕਿਉਂ ਵਰਤਿਆ ਹੈ? ਜੈਜਾਵੰਤੀ ਬਾਰੇ ਇਹ ਕਿਹਾ ਜਾਂਦਾ ਹੈ ਕਿ ਰਾਜਸਥਾਨੀ ਰਾਗ ਹੈ ਅਤੇ ਜੋਧਿਆਂ ਨੂੰ ਉਤਸ਼ਾਹਿਤ ਕਰਨ ਲਈ ਗਾਇਆ ਜਾਂਦਾ ਹੈ। ਰਾਜਸਥਾਨ ਵਿਚ ਇਹ ਰਵਾਇਤ ਹੈ ਕਿ ਜਦ ਕੋਈ ਸੂਰਮਾ ਜੰਗ ਵਿਚ ਜੂਝਣ ਜਾਂਦਾ ਹੈ ਤਾਂ ਉਸਨੂੰ ਵਿਦਾ ਕਰਨ ਲਈ ਸਾਰਾ ਪਿੰਡ ਬਾਹਰ ਛੱਡਣ ਆਉਂਦਾ ਤੇ ਉਸ ਯੋਧੇ ਨੂੰ ਇਹ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਉਹ ਪਿੱਠ ਦਿਖਾ ਕੇ ਵਾਪਸ ਨਾ ਆਏ ਜਾਂ ਉਹ ਜੇਤੂ ਹੋ ਕੇ ਆਵੇ ਜਾਂ ਵਾਪਸ ਨਾ ਆਵੇ। ਜਦ ਯੋਧਾ ਜਾਨ ਨਾਲ ਖੇਡ ਕੇ ਜਿੱਤ ਕੇ ਵਾਪਸ ਮੁੜਦਾ ਹੈ ਤਾਂ ਸਾਰਾ ਪਿੰਡ ਉਸਦੇ ਸਵਾਗਤ ਲਈ ਅੱਗੋਂ ਜਾਂਦਾ ਹੈ। ਉਸ ਸਮੇਂ ਭੱਟ ਉੱਚੀ ਸੁਰ ਨਾਲ ਜੈਜਾਵੰਤੀ ਰਾਗ ਵਿਚ ਉਸਦੀ ਉਪਮਾ ਕਰਦੇ ਹਨ। ਆਦਿ ਗ੍ਰੰਥ ਦਾ ਪਹਿਲਾ ਰਾਗ ਸ੍ਰੀ ਰਾਗ ਹੈ ਅਤੇ ਆਖ਼ਰੀ ਪ੍ਰਭਾਤੀ ਹੈ। ਇਸ ਲਈ ਪ੍ਰਭਾਤੀ ਉਪਰੰਤ ਜਿੱਤ ਦੀ ਖ਼ੁਸ਼ੀ ਦਾ ਵਾਜਾ ਜੈਜਾਵੰਤੀ ਨੇ ਵਜਾਇਆ ਹੈ।

ਗੁਰੂ ਤੇਗ਼ ਬਹਾਦਰ ਜੀ ਦੇ ਸ਼ਲੋਕਾਂ ਬਾਰੇ ਇਹ ਵਿਚਾਰ ਹੈ ਕਿ ਇਹ ਪੰਦਨਾਮਾ ਹੈ ਜੋ ਗੁਰੂ ਤੇਗ਼ ਬਹਾਦਰ ਜੀ ਨੇ ਆਪਣੇ ਬੇਟੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ 'ਤੇ ਇਕ ਪ੍ਰਕਾਰ ਸਮੁੱਚੇ ਪੰਥ ਦੇ ਨਾਂ ਲਿਖਿਆ। ਇਸ ਸ਼ਲੋਕ ਰੂਪੀ ਪੰਦਨਾਮੇ ਦਾ ਹਰ ਵਾਕ, ਹਰ ਸ਼ਬਦ ਨਿਰਾਸ਼ਾ ਤੋਂ ਉੱਠਾ ਕੇ ਚੜ੍ਹਦੀ ਕਲਾ ਦਾ ਉਪਦੇਸ਼ ਦਿੰਦਾ ਹੈ।

ਪ੍ਰੋ. ਪੂਰਨ ਸਿੰਘ ਨੇ ਕਿਹਾ ਸੀ ਕਿ ਉਨ੍ਹਾਂ ਦੀ ਬਾਣੀ ਵਿਚ ਮਿੱਠੀ ਕਸਕ ਮਧੁਰ ਰਾਗ ਅਤੇ ਮਗ ਦਰਸਾਉਣ ਵਾਲੀ ਸ਼ਕਤੀ ਹੈ। ਮਨੁੱਖ ਵਿਚ ਉਤਸ਼ਾਹ ਭਰ ਮਨ ਨੂੰ ਤਗੜਿਆਂ ਕਰ ਹਿਰਦਾ ਹਿਲਾਉਣ ਵਾਲੀ ਉਨ੍ਹਾਂ ਦੀ ਬਾਣੀ ਮਨੁੱਖ ਨੂੰ ਨਾ ਡਰਨ ਤੇ ਨਾ ਡਰਾਉਣ ਦਾ ਪੈਗ਼ਾਮ ਦਿੰਦੀ ਹੈ।

ਉਪਰੋਕਤ ਵਿਚਾਰ ਚਰਚਾ ਉਪਰੰਤ ਅਸੀਂ ਆਖ ਸਕਦੇ ਹਾਂ ਕਿ ਗੁਰੂ ਤੇਗ਼ ਬਹਾਦਰ ਜੀ ਦੀ ਰੂਹਾਨੀ ਸ਼ਖ਼ਸੀਅਤ ਸਾਡੇ ਲਈ ਪ੍ਰੇਰਨਾਸਰੋਤ ਦੇ ਮਾਰਗ-ਦਰਸ਼ਕ ਵਜੋਂ ਉੱਭਰ ਕੇ ਸਾਹਮਣੇ ਆਉਂਦੀ । ਉਹਨਾਂ ਦਾ ਬਲੀਦਾਨ ਕੇਵਲ ਸਿੱਖ ਧਰਮ ਲਈ ਹੀ ਨਹੀਂ ਸਗੋਂ ਸਮੁੱਚੀ ਮਨੁੱਖਤਾ ਲਈ ਸੰਦੇਸ਼ ਬਣਦਾ ਹੈ। ਵਿਸ਼ਵ ਇਤਿਹਾਸ ਵਿਚ ਗੁਰੂ ਤੇਗ਼ ਬਹਾਦਰ ਜੀ ਦਾ ਬਲੀਦਾਨ ਵਿਲੱਖਣ ਹੈ ਤੇ ਵਿਸ਼ੇਸ਼ ਅਰਥਾਂ ਦਾ ਧਾਰਨੀ ਹੈ। ਵਿਲੱਖਣਤਾ ਇਸ ਵਿਚ ਹੈ ਕਿ ਇਹ ਬਲੀਦਾਨ ਆਪਣੇ ਲਈ ਨਹੀਂ, ਆਪਣੇ ਭਾਈਚਾਰੇ ਲਈ ਨਹੀਂ ਬਲਕਿ ਮਨੁੱਖਤਾ ਨੂੰ ਬਚਾਉਣ ਖ਼ਾਤਰ ਕੀਤਾ ਗਿਆ। ਇਸ ਤਰ੍ਹਾਂ ਇਸ ਗੌਰਵਮਈ ਬਲੀਦਾਨ ਨੇ ਸਿਰਫ਼ ਸਿੱਖ ਇਤਿਹਾਸ ਨੂੰ ਹੀ ਨਵਾਂ ਮੋੜ ਨਹੀਂ ਦਿੱਤਾ ਸਗੋਂ ਪੂਰੇ ਵਿਸ਼ਵ ਨੂੰ ਹੱਕ-ਸੱਚ ਇਨਸਾਫ਼ ਅਤੇ ਧਰਮ ਲਈ ਮਰ-ਮਿਟਣ ਦਾ ਜਜ਼ਬਾ ਦਿੱਤਾ।

ਅੱਜ 21ਵੀਂ ਸਦੀ ਵਿਚ ਇਸ ਬਲੀਦਾਨ ਦੇ ਪੈਗ਼ਾਮ ਦੀ ਮਹੱਤਤਾ ਹੋਰ ਵੀ ਦ੍ਰਿੜ੍ਹ ਹੋ ਜਾਂਦੀ ਹੈ, ਕਿਉਂਕਿ ਅੱਜ ਫਿਰ ਸਾਡਾ ਸਮਾਜ ਭਾਸ਼ਾ ਅਤੇ ਧਰਮ ਦੇ ਨਾਂ 'ਤੇ ਅਣਗਿਣਤ ਹਿੱਸਿਆਂ ਵਿਚ ਵੰਡਿਆ ਹੋਇਆ ਹੈ। ਗੁਰੂ ਜੀ ਦੀ ਲਾਸਾਨੀ ਸ਼ਹਾਦਤ ਦੀ ਰੋਸ਼ਨੀ ਹੀ ਇਨ੍ਹਾਂ ਕੱਟੜਤਾ ਦੇ ਨਸ਼ੇ ਵਿਚ ਅੰਨ੍ਹੇ ਹੋਏ ਹਿੰਸਾਵਾਦੀਆਂ ਨੂੰ ਚਾਨਣ ਦੀ ਕਿਰਨ ਪ੍ਰਦਾਨ ਕਰ ਸਕਦੀ ਹੈ।

**ਨਿਸ਼ਕਰਸ਼**

ਗੁਰੂ ਤੇਗ਼ ਬਹਾਦਰ ਜੀ ਨੇ ਆਪਣਾ ਜੀਵਨ ਜ਼ਮੀਰ ਦੀ ਆਜ਼ਾਦੀ ਲਈ ਕੁਰਬਾਨ ਕਰ ਦਿੱਤਾ ਅਤੇ ਮਜ਼੍ਹਬੀ ਤਅੱਸਬ ਅਤੇ ਤੰਗਦਿਲੀ ਵਿਰੁੱਧ ਆਵਾਜ਼ ਬੁਲੰਦ ਕੀਤੀ। ਉਹ ਇੱਕ ਮਹਾਨ ਅਧਿਆਤਮਕ ਨੇਤਾ ਸਨ। ਮਨੁੱਖਤਾ ਲਈ ਤੇ ਮਨੁੱਖੀ ਹੱਕਾਂ ਲਈ ਸਮੁੱਚੇ ਤੌਰ 'ਤੇ ਗੁਰੂ ਜੀ ਨੇ ਜੋ ਕੁਰਬਾਨੀ ਕੀਤੀ, ਉਸ ਨੇ ਸਮਾਂ ਪਾ ਕੇ ਨਿਮਾਣਿਆਂ, ਨਿਤਾਣਿਆਂ ਨੂੰ ਅਸੀਸ ਬਲ ਦਿੱਤਾ ਅਤੇ ਜਾਬਰ ਤੇ ਪਤਨ ਦਾ ਕਾਰਨ ਵੀ। ਬਰਾਬਰਤਾ, ਆਜ਼ਾਦੀ ਅਤੇ ਸਾਂਝੀਵਾਲਤਾ ਵਾਲੇ ਇੱਕ ਚੰਗੇ ਸੰਸਾਰ ਦੀ ਸਿਰਜਨਾ ਕੀਤੀ। ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵੀ ਇੱਕ ਅਦੁੱਤੀ ਮਿਸਾਲ ਹੈ।


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

## ਪੁਸਤਕ ਸੂਚੀ


1. **ਸਤਿਬੀਰ ਸਿੰਘ : ਇਤਿ ਜਿਨਿ ਕਰੀ :** ਜੀਵਨੀ ਗੁਰੂ ਤੇਗ਼ ਬਹਾਦਰ ਜੀ : ਨਿਊ ਬੁੱਕ ਕੰਪਨੀ, ਮਾਈ ਹੀਰਾ ਗੇਟ, ਜਲੰਧਰ।
2. **ਸਤਿਬੀਰ ਸਿੰਘ :** ਸਾਡਾ ਇਤਿਹਾਸ (ਦਸ ਪਾਤਸ਼ਾਹੀਆਂ) : ਨਿਊ ਬੁੱਕ ਕੰਪਨੀ, ਮਾਈ ਹੀਰਾ ਗੇਟ, ਜਲੰਧਰ।
3. **ਸਾਹਿਬ ਸਿੰਘ :** ਜੀਵਨ ਬਿਰਤਾਂਤ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ, ਸਿੰਘ ਬ੍ਰਦਰਜ਼, ਅੰਮ੍ਰਿਤਸਰ।
4. **ਸੁਖਦੇਵ ਸਿੰਘ :** ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸ਼ਲੋਕ ਬਹੁਪੱਖੀ ਅਧਿਐਨ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ।
5. **ਕਰਤਾਰ ਸਿੰਘ :** ਸਿੱਖ ਇਤਿਹਾਸ (ਜੀਵਨ ਦਸ ਪਾਤਸ਼ਾਹੀਆਂ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਕਾਸ਼ਨ।
6. **ਕਾਨ੍ਹ ਸਿੰਘ ਨਾਭਾ :** ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ।
7. **ਤਾਰਨ ਸਿੰਘ :** ਗੁਰੂ ਤੇਗ਼ ਬਹਾਦਰ ਜੀਵਨ, ਸੰਦੇਸ਼ ਤੇ ਸ਼ਹਾਦਤ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।



© Copyright @ Authors